**ਵਿਗਿਆਨ(2025-26)**

**ਸ਼੍ਰੇਣੀ-ਦਸਵੀਂ**

**ਸਮਾਂ : 3 ਘੰਟੇ** **ਲਿਖਤੀ :80 ਅੰਕ**

**ਪ੍ਰਸ਼ਨ 1. ਬਹੁਵਿਕਲਪੀ ਪ੍ਰਸ਼ਨ**

1. ਖੋਰਨ ਹੋਣ ਤੇ ਚਾਂਦੀ ਉੱਪਰ ਕਿਸ ਰੰਗ ਦੀ ਪਰਤ ਦਿਖਾਈ ਦਿੰਦੀ ਹੈ?

   (ੳ) ਪੀਲੀ (ਅ) ਹਰੀ (ੲ) ਕਾਲੀ (ਸ) ਸਲੇਟੀ

2. ਕੀੜੀ ਦੇ ਡੰਗ ਵਿੱਚ ਕਿਹੜਾ ਤੇਜਾਬ ਮੌਜੂਦ ਹੁੰਦਾ ਹੈ? ਸਹੀ ਦੀ ਚੋਣ ਕਰੋ।

   (ੳ) ਲੈਕਟਿਕ ਐਸਿਡ (ਅ) ਮੈਸੇਨਿਕ ਐਸਿਡ (ੲ) ਈਖਾਨਾਇਕ ਐਸਿਡ (ਸ) ਪ੍ਰੋਪਾਨਾਇਕ ਐਸਿਡ

3. PH $_{14}$ ਵਾਲਾ ਘੋਲ ਕਿਸ ਤਰਾਂ ਦਾ ਘੋਲ ਹੋਵੇਗਾ?

   (ੳ) ਸ਼ਕਤੀਸ਼ਾਲੀ ਤੇਜਾਬੀ (ਅ) ਕਮਜੋਰ ਖਾਰੀ

   (ੲ) ਸ਼ਕਤੀਸ਼ਾਲੀ ਖਾਰੀ (ਸ) ਕਮਜੋਰ ਤੇਜਾਬੀ

4. ਉਸ ਅਪਾਤ ਦੀ ਚੋਣ ਕਰੋ ਜੋ ਚਾਕੂ ਨਾਲ ਕੱਟੀ ਨਹੀਂ ਜਾ ਸਕਦੀ।

   (ੳ) ਸੋਡੀਅਮ (ਅ) ਪੋਟਾਸ਼ੀਅਮ (ੲ)ਲੀਥੀਅਮ (ਸ) ਆਇਓਡੀਨ

5. ਆਕਸੀਜਨ ਦੇ ਪ੍ਰਮਾਣੂਆਂ ਵਿਚਕਾਰ ਕਿਹੜਾ ਬੰਧਨ ਮੌਜੂਦ ਹੁੰਦਾ ਹੈ।

   (ੳ)ਇਕਹਿਰਾ (ਅ) ਦੋਹਰਾ (ੲ)ਤੀਹਰਾ (ਸ)ਚੌਹਰਾ

6. ਮਨੁੱਖਾਂ ਵਿੱਚ ਗੁਰਦੇ ਕਿਸ ਪ੍ਰਣਾਲੀ ਦਾ ਹਿੱਸਾ ਹਨ?

   (ੳ) ਪੋਸ਼ਣ (ਅ) ਸਾਹ ਕਿਰਿਆ (ੲ) ਮਲ ਤਿਆਗ (ਸ) ਪਰਿਵਹਿਨ

7. ਅਚਨਚੇਤ ਕਿਸੀ ਕਿਰਿਆ ਦੇ ਹੋਣ ਨਾਲ ਸਾਡੀਆਂ ਮਾਸਪੇਸ਼ੀਆਂ ਵਿੱਚ ਅਕੜਾਅ ਕਿਸ ਕਾਰਣ ਹੁੰਦਾ ਹੈ? ਸਹੀ ਚੋਣ ਕਰੋ।

   (ੳ) ਲੈਕਟਿਕ ਐਸਿਡ (ਅ) ਲੈਕਟੋਜ (ੲ) ਲਸੀਕਾ (ਸ) ਐਸਿਟਿਕ ਐਸਿਡ

8. ਸੋਚਣ ਵਾਲਾ ਮੁੱਖ ਭਾਗ ਦਿਮਾਗ ਦੇ ਕਿਹੜੇ ਹਿੱਸੇ ਵਿੱਚ ਪਾਇਆ ਜਾਂਦਾ ਹੈ?

   (ੳ)ਅਗਲਾ ਦਿਮਾਗ (ਅ) ਮੱਧ ਦਿਮਾਗ (ੲ) ਪਿਛਲਾ ਦਿਮਾਗ (ਸ) ਸੁਖਮਨਾ ਨਾੜੀ

9. ਹੇਠ ਦਿੱਤੀਆਂ ਵਿਚੋਂ ਕਿਸ ਵਿਚ ਬਡਿੰਗ ਪ੍ਰਕਿਰਿਆ ਹੁੰਦੀ ਹੈ?

   (ੳ) ਪਲੈਨੇਰੀਆ (ਅ) ਹਾਈਡਰਾ (ੲ) ਪਲਾਜਮੋਡੀਅਮ (ਸ) ਸਪਾਇਰੋਗਾਇਡ

10. ਅਵਤਲ ਦਰਪਣ ਵਿੱਚ ਜੇਕਰ ਵਸਤੂ ਤੇ ਹੋਵੇ ਤਾਂ ਪ੍ਰਤੀਬਿੰਬ ਦੀ ਪ੍ਰਕਿਰਤੀ ਕਿਸ ਤਰਾਂ ਦੀ ਹੋਵੇਗੀ।

    (ੳ)ਵਾਸਤਵਿਕ ਅਤੇ ਸਿੱਧੀ (ਅ) ਵਾਸਤਵਿਕ ਅਤੇ ਉਲਟਾ

    (ੲ) ਅਭਾਸੀ ਅਤੇ ਸਿੱਧੀ (ਸ) ਅਭਾਸੀ ਅਤੇ ਉਲਟਾ

11. ਲੈਨਜ ਦੀ ਸ਼ਕਤੀ ਦੀ SI ਇਕਾਈ, ਚੁਣੋ?

(ੳ) ਮੀਟਰ ਅ (ਅ) ਅ-[1]ਮੀਟਰ ਇਨਵਰਸ

(ੲ) ਕਿਲੋਮੀਟਰ (ਸ) ਮਿਲੀਮੀਟਰ

12. ਇਕ ਸਾਧਾਰਨ ਅੱਖ ਕਿਥੋਂ ਤੱਕ ਰੱਖੀਆਂ ਵਸਤੂਆਂ ਨੂੰ ਸਪੱਸ਼ਟ ਦੇਖ ਸਕਦੀ ਹੈ?

(ੳ) 22 cm ਤੋਂ ਅਨੰਤ ਦੂਰੀ ਤੱਕ (ਅ) 26 cm ਤੋਂ ਅਨੰਤ ਦੂਰੀ ਤੱਕ

(ੲ) 25 cm ਤੋਂ ਅਨੰਤ ਦੂਰੀ ਤੱਕ (ਸ) 20 cm ਤੋਂ ਅਨੰਤ ਦੂਰੀ ਤੱਕ

13. ਕਿਸ ਵਿੱਚੋਂ ਪ੍ਰਕਾਸ਼ ਨਹੀਂ ਖਿੰਡਰਦਾ? ਸਹੀ ਚੋਣ ਕਰੋ।

(ੳ) ਖੂਨ (ਅ) ਨਮਕੀਨ ਪਾਣੀ (ੲ) ਦੁੱਧ (ਸ) ਮਿੱਟੀ ਵਾਲਾ ਪਾਣੀ

14. ਹੇਠ ਲਿਖਿਆਂ ਵਿਚੋਂ ਕਿਹੜਾ ਖੁੱਲਾ ਪਲੱਗ ਕੁੰਜੀ ਜਾਂ ਸਵਿੱਚ ਨੂੰ ਦਰਸਾਉਂਦਾ ਹੈ?

(ੳ) (.) (ਅ) (.) (ੲ) - (ਸ) @

15. ਪੌਦਿਆਂ ਦੇ ਪੱਤੇ ਸੂਰਜੀ ਊਰਜਾ ਦਾ ਕਿੰਨੇ ਪ੍ਰਤੀਸ਼ਤ ਭਾਗ ਭੋਜਨ ਊਰਜਾ ਵਿੱਚ ਪਰਿਵਰਤਿਤ ਕਰਦੇ ਹਨ?

(ੳ) 0.1% (ਅ) 0.01% (ੲ) 0.0001% (ਸ) 1%

16.ਹੇਠ ਦਿਤੀਆਂ ਵਿਚੋਂ ਕਿਹੜਾ ਬੈਕਟੀਰੀਆ ਦੁਆਰਾ ਅਪਘਟਿਤ ਨਹੀਂ ਹੁੰਦਾ।

(ੳ) ਪੇਪਰ (ਅ) ਪਲਾਸਟਿਕ (ੲ) ਗੱਤਾ (ਸ) ਲਕੜੀ

**ਦੋ ਅੰਕਾਂ ਵਾਲੇ ਪ੍ਰਸ਼ਨ (ਕੋਈ 14 ਪ੍ਰਸ਼ਨ ਕਰੋ)**

ਪ੍ਰਸ਼ਨ 2 ਕਿਸੇ ਸੰਤੁਲਿਤ ਰਸਾਇਣਿਕ ਸਮੀਕਰਨ ਵਿੱਚ (g), (l), (aq), ਅਤੇ (s) ਕੀ ਦਰਸਾਉਂਦੇ ਹਨ?

ਪ੍ਰਸ਼ਨ 3 ਪਿੱਤਲ ਅਤੇ ਤਾਂਬੇ ਦੇ ਬਰਤਨਾਂ ਵਿੱਚ ਦਹੀਂ ਅਤੇ ਖੱਟੀਆਂ ਚੀਜਾਂ ਕਿਉਂ ਨਹੀਂ ਰੱਖਿਆਂ ਜਾਂਦੀਆਂ?

ਪ੍ਰਸ਼ਨ 4 ਪਾਣੀ ਦੀ ਅਣਹੋਂਦ ਵਿੱਚ ਤੇਜਾਬਾਂ ਦਾ ਵਿਵਹਾਰ ਤੇਜਾਬੀ ਕਿਉਂ ਨਹੀਂ ਹੁੰਦਾ?

ਪ੍ਰਸ਼ਨ 5 ਧਾਤ ਨਾਲ ਤੇਜਾਬ ਦੀ ਪ੍ਰਤੀਕਿਰਿਆ ਹੋਣ ਦੇ ਨਤੀਜੇ ਵਜੋਂ ਕਿਹੜੀ ਗੈਸ ਉਤਪੰਨ ਹੁੰਦੀ ਹੈ? ਉਦਾਹਰਣ ਦੇ ਕੇ ਸਮਝਾਉ।

ਪ੍ਰਸ਼ਨ 6 ਭੌਤਿਕ ਗੁਣਾਂ ਦੇ ਆਧਾਰ ਤੇ ਈਥੇਨੌਲ ਅਤੇ ਈਥੇਨੋਇਕ ਤੇਜਾਬ ਵਿਚਕਾਰ ਤੁਸੀਂ ਕਿਵੇਂ ਅੰਤਰ ਕਰੋਗੇ?

ਪ੍ਰਸ਼ਨ 7 ਕੋਈ ਵਸਤੂ ਜੀਵਤ ਹੈ, ਇਸਦਾ ਨਿਰਣਾ ਕਰਨ ਲਈ ਕਿਹੜੇ ਮਾਪਦੰਡ ਦਾ ਉਪਯੋਗ ਕਰਦੇ ਹਾਂ?

ਪ੍ਰਸ਼ਨ 8 ਆਇਓਡੀਨ ਯੁਕਤ ਲੂਣ ਦੇ ਉਪਯੋਗ ਦੀ ਸਲਾਹ ਕਿਉਂ ਦਿੱਤੀ ਜਾਂਦੀ ਹੈ?

ਪ੍ਰਸ਼ਨ 9 ਮਾਂ ਦੇ ਸਰੀਰ ਵਿਚ ਭਰੂਣ ਪੋਸ਼ਣ ਕਿਵੇਂ ਪ੍ਰਾਪਤ ਕਰਦਾ ਹੈ?

ਪ੍ਰਸ਼ਨ 10 ਉਸ ਲੈਨਜ ਦੀ ਫੋਕਸ ਦੂਰੀ ਗਿਆਤ ਕਰੋ ਜਿਸ ਦੀ ਸ਼ਕਤੀ -2.0 D ਹੈ?

ਪ੍ਰਸ਼ਨ 11 ਤਾਰੇ ਕਿਉਂ ਟਿਮਟਿਮਾਉਂਦੇ ਹਨ?

ਪ੍ਰਸ਼ਨ 12 ਪ੍ਰਕਾਸ਼ ਦਾ ਵਿਖੇਪਣ ਕਿਸਨੂੰ ਆਖਦੇ ਹਨ? ਕਿਹੜਾ ਰੰਗ ਸਭ ਤੋਂ ਵੱਧ ਅਤੇ ਕਿਹੜਾ ਸਭ ਤੋਂ ਘੱਟ ਮੁੜਦਾ ਹੈ?

ਪ੍ਰਸ਼ਨ 13 ਬਿਜਲੀ ਲੰਘਾਉਣ ਨਾਲ ਕਿਸੀ ਬਿਜਲਈ ਹੀਟਰ ਦੀ ਡੋਰੀ ਕਿਉਂ ਨਹੀਂ ਚਮਕਦੀ ਜਦੋਂ ਕਿ ਉਸਦੀ ਕੁੰਡਲੀ ਚਮਕਦੀ ਹੈ?

ਪ੍ਰਸ਼ਨ 14 ਚੁੰਬਕੀ ਖੇਤਰ ਰੇਖਾਵਾਂ ਦੇ ਗੁਣਾਂ ਦੀ ਸੂਚੀ ਬਣਾਉ?

ਪ੍ਰਸ਼ਨ 15 ਕੀ ਹੋਵੇਗਾ ਜੇ ਅਸੀਂ ਇੱਕ ਅਹਾਰੀ ਪੱਧਰ ਦੇ ਸਾਰੇ ਜੀਵਾਂ ਨੂੰ ਮਾਰ ਦੇਈਏ?

ਪ੍ਰਸ਼ਨ 16 ਸਾਡੇ ਦੁਆਰਾ ਪੈਦਾ ਜੈਵ ਅਵਿਘਟਨਸ਼ੀਲ ਕਚਰੇ ਤੋਂ ਕਿਹੜੀਆਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ?

ਪ੍ਰਸ਼ਨ 17 2.0 cm ਲੰਬੀ ਵਸਤੂ 10cm ਫੋਕਸ ਦੂਰੀ ਦੇ ਕਿਸੇ ਲੈੱਨਜ ਦੇ ਮੁੱਖ ਧੁਰੇ ਦੇ ਲੰਬਵਤ ਰੱਖਿਆ ਹੈ? ਬਿੰਬ ਦੀ ਲੈੱਨਜ ਤੋਂ ਦੂਰੀ 15cm ਹੈ। ਪ੍ਰਤੀਬਿੰਬਾਂ ਦੀ ਪ੍ਰਕਿਰਤੀ ਅਤੇ ਸਥਿਤੀ ਗਿਆਤ ਕਰੋ।

ਪ੍ਰਸ਼ਨ 18 ਤਾਪ ਸੋਖੀ ਅਤੇ ਤਾਪ ਨਿਕਾਸੀ ਕਿਰਿਆ ਤੋਂ ਕੀ ਭਾਵ ਹੈ? ਉਦਾਹਰਣ ਦਿਉ।

14*2=28

ਤਿੰਨ ਅੰਕਾਂ ਵਾਲੇ ਪ੍ਰਸ਼ਨ (ਕੋਈ 7 ਪ੍ਰਸ਼ਨ ਕਰੋ)

ਪ੍ਰਸ਼ਨ 19 ਫੈਰਸ ਸਲਫੇਟ ਦੇ ਕ੍ਰਿਸਟਲ ਨੂੰ ਲੈਬ ਵਿਚ ਗਰਮ ਕਰਨ ਤੇ ਹੋਣ ਵਾਲੇ ਰੰਗ ਅਤੇ ਗੰਧ ਵਿੱਚ ਪਰਿਵਰਤਨ ਬਾਰੇ ਲਿਖੋ?ਇਹ ਕਿਸ ਕਿਸਮ ਦੀ ਰਸਾਇਣਿਕ ਅਭਿਕਿਰਿਆ ਹੈ ਸਮੀਕਰਨ ਸਹਿਤ ਲਿਖੋ?

ਪ੍ਰਸ਼ਨ 20 ਸਾਬਣ ਦੁਆਰਾ ਸਫਾਈਕਰਨ ਦੀ ਕਿਰਿਆ ਵਿਧੀ ਦੀ ਵਿਆਖਿਆ ਕਰੋ?

ਪ੍ਰਸ਼ਨ 21 ਮਨੁੱਖ ਅੰਦਰ ਲਹੂ ਗੇੜ ਪ੍ਰਣਾਲੀ ਵਿੱਚ ਦੂਹਰੇ ਚੱਕਰ ਦੀ ਵਿਆਖਿਆ ਕਰੋ? ਇਹ ਕਿਉਂ ਜਰੂਰੀ ਹੈ?

ਪ੍ਰਸ਼ਨ 22 ਪੌਦਿਆਂ ਵਿੱਚ ਪ੍ਰਕਾਸ਼ ਅਨਵਰਤਨ ਕਿਸ ਪ੍ਰਕਾਰ ਹੁੰਦਾ ਹੈ?

ਪ੍ਰਸ਼ਨ 23 ਮਨੁੱਖ ਵਿੱਚ ਬੱਚੇ ਦਾ ਲਿੰਗ ਨਿਰਧਾਰਣ ਕਿਵੇਂ ਹੁੰਦਾ ਹੈ?

ਪ੍ਰਸ਼ਨ 24 ਅਪਵਰਤਨ ਅੰਕ ਕੀ ਹੈ? ਕੈਰੋਸੀਨ ਪਾਣੀ ਨਾਲੋਂ ਸੰਘਣਾ ਕਿਉਂ ਹੁੰਦਾ ਹੈ?

ਪ੍ਰਸ਼ਨ 25 ਘਰੇਲੂ ਬਿਜਲਈ ਸਰਕਟ ਵਿੱਚ ਓਵਰ ਲੋਡਿੰਗ ਦੇ ਬਚਾਓ ਲਈ ਤੁਸੀਂ ਕੀ ਸਾਵਧਾਨੀਆਂ ਵਰਤੋਗੇ?

ਪ੍ਰਸ਼ਨ 26 ਜਦੋਂ ਕਠੋਰ ਪਾਣੀ ਨੂੰ ਸਾਬਣ ਨਾਲ ਮਿਲਾਇਆ ਜਾਂਦਾ ਤਾਂ ਅਵਖੇਪ ਦੇ ਬਣਨ ਦੀ ਵਿਆਖਿਆ ਕਰੋ?

ਪ੍ਰਸ਼ਨ 27 ਮਨੁੱਖੀ ਪਾਚਣ ਪ੍ਰਣਾਲੀ ਦਾ ਲੇਬਲ ਕੀਤਾ ਚਿੱਤਰ ਬਣਾਓ? 7*3=21

**ਪੰਜ ਅੰਕਾਂ ਵਾਲੇ ਪ੍ਰਸ਼ਨ**

ਪ੍ਰਸ਼ਨ 28 ਫੁੱਲ ਦੀ ਲੰਬਾਤਮਕ ਕਾਟ ਦਾ ਅੰਕਿਤ ਕੀਤਾ ਚਿੱਤਰ ਬਣਾਓ

ਜਾਂ

(ੳ) ਮਹਾਵਾਰੀ ਕਿਉਂ ਹੁੰਦੀ ਹੈ?

(ਅ) ਪਰਾਗਣ ਕਿਰਿਆ ਨਿਸ਼ੇਚਣ ਤੋਂ ਕਿਵੇਂ ਭਿੰਨ ਹੈ?

ਪ੍ਰਸ਼ਨ 29 (ੳ) ਆਇਰਨ ਨੂੰ ਜੰਗ ਲੱਗਣ ਤੋਂ ਬਚਾਉਣ ਲਈ ਦੋ ਢੰਗ ਲਿਖੋ?

(ਅ) ਨਿਸ਼ਕਰਸਨ ਪ੍ਰਕਿਰਿਆ ਦੌਰਾਨ ਕਾਰਬੋਨੇਟ ਅਤੇ ਸਲਫਾਈਡ ਕੱਚੀਆਂ ਧਾਤਾਂ ਨੂੰ ਆਮ ਕਰਕੇ ਆਕਸਾਈਡਾਂ ਵਿੱਚ ਕਿਉਂ ਬਦਲਿਆ ਜਾਂਦਾ ਹੈ? ਉਦਾਹਰਣ ਸਹਿਤ ਪੁਸ਼ਟੀ ਕਰੋ?

ਜਾਂ

(ੳ) ਐਮਫੋਟੈਰਿਕ ਆਕਸਾਈਡ ਕੀ ਹੁੰਦੇ ਹਨ? ਦੋ ਉਦਾਹਰਨਾਂ ਲਿਖੋ।

(ਅ) ਸੋਡੀਅਮ ਅਤੇ ਮੈਗਨੀਸ਼ੀਅਮ ਦੀ ਇਲੈਕਟਰਾਨੀ ਬਿੰਦੂ ਰਚਨਾ ਲਿਖੋ?

ਪ੍ਰਸ਼ਨ 30 ਕਿਸੇ ਅਗਿਆਤ ਪ੍ਰਤਿਰੋਧਕ ਦੇ ਸਿਰਿਆਂ ਤੇ 12V ਦੀ ਬੈਟਰੀ ਜੋੜਨ ਤੇ ਸਰਕਟ ਵਿਚ 2.5MA ਬਿਜਲਈ ਧਾਰਾ ਪ੍ਰਵਾਹਿਤ ਹੁੰਦੀ ਹੈ। ਪ੍ਰਤਿਰੋਧਕ ਦੇ ਪ੍ਰਤਿਰੋਧ ਦੀ ਗਣਨਾ ਕਰੋ?

ਜਾਂ

(ੳ) ਤੁਸੀਂ 6π ਪ੍ਰਤੀਰੋਧ ਦੇ ਤਿੰਨ ਪ੍ਰਤਿਰੋਧਕਾਂ ਨੂੰ ਕਿਸ ਪ੍ਰਕਾਰ ਜੋੜੋਗੇ ਕਿ ਸੰਯੋਗ ਦਾ ਪ੍ਰਤਿਰੋਧ 4 π ਹੋਵੇ?